syvk kau syvw bin AweI ]
hukmu bUiJ prm pdu pweI ]       292

ਅਕਾਲ ਪੁਰਖ ਦੇ ਹੁਕਮ ਦਾ ਭਾਣਾ ਮੰਨਣਾ ਹੀ ਇਲਾਹੀ ਸੇਵਾ ਹੈ ।

ਨਾਨਕ ਘਰ ਦਾ—
'ਬੇ-ਖਰੀਦ ਗੋਲਾ' ਬਣ ਕੇ
'ਹੁਕਮੀ ਬੰਦਾ' ਬਣ ਕੇ
'ਮੁਰਦਾ' ਹੋ ਕੇ
'ਮੁਰੀਦ' ਬਣ ਕੇ
'ਪਾ-ਖ਼ਾਕ' ਹੋ ਕੇ
'ਮਣੀ-ਮਨੂਰੀ' ਛੱਡਕੇ
'ਆਪਾ' ਵਾਰ ਕੇ

ਹੁਕਮ ਮੰਨਣਾ ਹੀ, ਇਲਾਹੀ ਮੰਡਲ ਦੀ ਆਤਮਿਕ ਸੇਵਾ ਹੈ ।

ਸਤਿਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ (ਪੰਨਾ-34)

ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥ (ਪੰਨਾ671)

ਹੁਕਮੁ ਬੂਝੈ ਸੋ ਸੇਵਕੁ ਕਹੀਐ ॥
ਬੁਰਾ ਭਲਾ ਦੁਇ ਸਮਸਰਿ ਸਹੀਐ ॥ (ਪੰਨਾ-1076)

**ਪ੍ਰੇਮ ਭਾਵਨਾ ਦੀ ਸੇਵਾ**—ਇਲਾਹੀ ਮੰਡਲ ਵਿਚ ਨਿਰਬਾਣ, ਨਿਰਮਲ, ਨਿਸ਼ਕਾਮ ਆਤਮਿਕ ਸੇਵਾ ਸਤਿਗੁਰੂ ਦੇ ਪ੍ਰੀਤ, ਪਿਆਰ, ਪ੍ਰੇਮ-ਸਵੈਪਨਾ ਦੇ ਚਾਓ ਅਤੇ ਉਮਾਹ ਵਿਚ ਹੀ ਹੋ ਸਕਦੀ ਹੈ ।

ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥ (ਪੰਨਾ-498)

ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ (ਪੰਨਾ-512)

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥
ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥ (ਪੰਨਾ-552)

ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ (ਪੰਨਾ-1442)



The servant's purpose is to serve.
By obeying the Lord's Command, the supreme status is obtained.

Obeying the Will of the Command of the Timeless Being is indeed Divine Service.

Nanak by

'being the purchased slave'
'being the follower of the Command'
being 'dead' (to worldly ways)
being the 'disciple'
being the 'dust of the feet'
letting go of 'jewel-slag'
sacrificing 'oneself'(mind body and soul)

to the house of the Guru (and) obeying the divine Command, is indeed the divine service of the spiritual realm.

1 *I will accept the Will of the True Guru, and eradicate selfishness from within.*
*By this work and service, the Naam shall come to dwell within my mind.* *34*

2 *Working for the Guru, serving the Guru and the Guru's Command, all are pleasing to me.* *671*

3 *One who realizes the Hukam of the Lord's Command is said to be His servant.*
*He endures both bad and good equally.* *1076*

**Faith-filled service of love** –In the spiritual realm blissful, pure, selfless, divine service can only take place in the joy and delight of the Satguru's affection, love and beingness of adoration.

4 *Serve the Saints with loving faith, and set aside your pride and stubbornness.* *498*

5 *They serve the Lord, and love the True Word of the Shabad.* *512*

6 *Some wait upon and serve the True Guru; they embrace love for the Lord's Name.*
*O Nanak, they reform their lives, and redeem their generations as well.* *552*

7 *The Lord casts His Glance of Grace, and inspires love and affection.*
*Joined to the service of the True Guru, the mortal being crosses over the terrifying world-ocean.* *1442*

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਪੰਨਾ-273)

## ਗੁਰੂ ਦੀ ਸੇਵਾ ਕੌਣ ਕਰ ਸਕਦੇ ਹਨ ?

ਕਰਿ ਕਿਰਪਾ ਜਨ ਸੇਵਾ ਲਾਏ ॥
ਜਨਮ ਮਰਣ ਦੁਖ ਮੇਟਿ ਮਿਲਾਏ ॥ (ਪੰਨਾ-866)

**ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ ॥** (ਪੰਨਾ-964)

**ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥** (ਪੰਨਾ-1011)

ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥ (ਪੰਨਾ-1070)

ਜਿਸਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥ (ਪੰਨਾ-1078)

ਕਰਮੁ ਹੋਵੈ ਤਾਂ ਸੇਵਾ ਕਰੈ ॥
ਗੁਰ ਪਰਸਾਦੀ ਜੀਵਤ ਮਰੈ ॥ (ਪੰਨਾ-1172)

ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ (ਪੰਨਾ-1395)

## ਇਲਾਹੀ ਸੇਵਾ ਕਿਵੇਂ ਕੀਤੀ ਜਾਂਦੀ ਹੈ ?

**ਹਰਿ ਕੀ ਟਹਿਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥** (ਪੰਨਾ-300)

ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ (ਪੰਨਾ-421)

ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥ (ਪੰਨਾ-457)

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥ (ਪੰਨਾ-638)

ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥ (ਪੰਨਾ-673)

ਗੁਰਬਾਣੀ ਵਿਚ ਗੁਰੂ ਦੇ **ਸੇਵਕ ਦੀ ਇਉਂ ਵਡਿਆਈ ਕੀਤੀ ਗਈ ਹੈ—**

ਜੋ ਸੇਵਹਿ ਜੋ ਸੇਵਹਿ ਤੁਧ ਜੀ ਜਨੁ ਨਾਨਕੁ ਤਿਨ ਕੁਰਬਾਣਾ ॥ (ਪੰਨਾ-11)

ਸਤਿਗੁਰੂ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥ (ਪੰਨਾ-112)

ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥ (ਪੰਨਾ-725)

ਗੁਰ ਕੇ ਸੇਵਕ ਸਤਿਗੁਰ ਪਿਆਰੇ ॥
**ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥** (ਪੰਨਾ-1026)



1 *The God-conscious being delights in doing good to others.* 273

Who is capable of doing sewa (service)?

2 *Granting His Mercy, He has linked His humble servants to His service.*
*He has rid me of the pains of birth and death, and merged me with Himself.* 866

3 *One who has such good karma inscribed upon his forehead, is committed to the Lord's service.* 964

4 *He alone serves You, whom You have enjoined to do so.* 1011

5 *That humble being is attached to the Lord's service, whom the Lord so attaches.* 1070

6 *He alone is the Guru's servant, whom the Guru Himself links to His service, and upon whose forehead such blessed destiny is inscribed.* 1078

7 *If the Lord is merciful, then the mortal is allowed to serve Him.*
*By Guru's Grace, he remains dead while yet alive.* 1172

8 *By the Hukam of Your Command, I am blessed with Your Insignia; I serve my Lord and Master.* 1395

How is spiritual sewa (service) done?

9 *I serve the Lord, chanting the Name of God.* 300

10 *Day and night, remain content with the Naam, the Name of the Lord; that is the true service.* 421

11 *Let us become the slaves of His slaves, and shed our sadness, and with our palms pressed together, remain wakeful day and night.* 457

12 *Serve the True Guru forever, O Siblings of Destiny, and eradicate self-conceit from within.* 638

13 *I carry the water, wave the fan, and grind the corn for the Saints; I sing the Glorious Praises of the Lord of the Universe.* 673

This is how the praises of a Guru's sewadar (one who serves the Guru) appear in Gurbani –

14 *Unto those who serve You, unto those who serve You, Dear Lord, servant Nanak is a sacrifice.* 11

15 *Those who serve the True Guru shall prosper; here and hereafter, they are absorbed in the Naam.* 112

16 *I am forever a sacrifice to those who perform service for the Guru.* 725

17 *The Guru's servants are the Beloveds of the True Guru.*
*Contemplating the Shabad, they sit upon His throne.* 1026

**ਗੁਰ ਕਾ ਸੇਵਕੁ ਨਰਕਿ ਨ ਜਾਏ ॥ ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥**
**ਗੁਰ ਕਾ ਸੇਵਕੁ ਸਾਧ ਸੰਗੁ ਪਾਏ**
**ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥** (ਪੰਨਾ-1075)

ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ (ਪੰਨਾ-1100)

ਹਰਿ ਸੇਵੇ ਸੋ ਹਰਿ ਕਾ ਲੋਗੁ ॥
ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥ (ਪੰਨਾ-1172)

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹ ਗੁਰੂ ਤੇਰਾ ਸਭੁ ਸਦਕਾ ॥ (ਪੰਨਾ-1403)

**'ਸੇਵਾ' ਬਗੈਰ ਭਗਤੀ ਨਹੀਂ ਹੋ ਸਕਦੀ । ਭਗਤੀ ਹੀ ਸਤਿਗੁਰੂ ਦੀ ਸੇਵਾ ਹੈ—**

**ਨਾਮ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥** (ਪੰਨਾ-405)

ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥
ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥ (ਪੰਨਾ-423)

**ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥**(ਪੰਨਾ-506)

ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ (ਪੰਨਾ-1013)

**ਗੁਰ ਸੇਵਾ ਬਿਨੁ ਭਗਤਿ ਨ ਹੋਈ ॥**
**ਅਨੇਕ ਜਤਨ ਕਰੈ ਜੇ ਕੋਈ ॥** (ਪੰਨਾ-1342)

**'ਸਿਮਰਨ' ਕਰਨਾ ਅਥਵਾ ਨਾਮ ਜਪਣਾ ਯਾ 'ਸ਼ਬਦ ਕਮਾਈ' ਕਰਨੀ ਹੀ ਇਲਾਹੀ ਸੇਵਾ ਹੈ —**

**ਹਰਿ ਕੀ ਟਹਿਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥** (ਪੰਨਾ-300)

ਸਾਹਿਬੁ ਸੇਵਨਿ ਆਪਣਾ ਪੂਰੈ ਸਬਦਿ ਵੀਚਾਰਿ ॥ (ਪੰਨਾ-512)

ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥ (ਪੰਨਾ-788)

ਸੇਵਾ ਸੁਰਤਿ ਸਬਦਿ ਵੀਚਾਰਿ ॥
ਜਪੁ ਤਪੁ ਸੰਜਮੁ ਹਉਮੈ ਮਾਰਿ ॥ (ਪੰਨਾ-1343)

ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥ (ਪੰਨਾ-1415)



1 *The Guru's servant is not consigned to hell.*
*The Guru's servant meditates on the Supreme Lord God.*
*The Guru's servant joins the Saadh Sangat, the Company of the Holy; the Guru ever gives the life of the soul.* 1075

2 *That humble being, who, as Gurmukh, serves the Lord, obtains all peace and pleasure.*
*He Himself is saved, along with his family, and all the world is saved as well.* 1100

3 *One who serves the Lord is the Lord's person.*
*He dwells in intuitive peace, and never suffers in sorrow.* 1172

4 *Your servants are totally fulfilled, throughout the ages; O Waah Guru, it is all You, forever.* 1403

**Without 'sewa' (service) worship is not possible. Worship itself is the sewa (service) of the Satguru –**

5 *Implant the Naam within, perform devotional worship to the Lord and serve God - this is good.* 405

6 *How very fortunate are they, who are committed to the Guru's service.*
*Night and day, they are engaged in devotional worship; the True Name is implanted within them.* 423

7 *This is devotional worship, that one loves the True Lord; without service, one cannot be a devotee.* 506

8 *Without serving the Guru, there is no devotional worship. How can anyone, by himself, know the Lord?* 1013

9 *Without serving the Guru, there is no devotional worship,*
*even though one may make all sorts of efforts.* 1342

Doing 'simran' or chanting of the Naam or the 'cultivation of the shabad' is indeed divine sewa or srvice -

10 *I serve the Lord, chanting the Name of God.* 300

11 *They serve their Lord Master, and reflect upon the Perfect Word of the Shabad.* 512

12 *The selfless service of the Gurmukhs is approved; in celestial peace, they live the essence of reality.* 788

13 *Selfless service and intuitive awareness come by reflecting upon the Word of the Shabad.* 1343
*Chanting, intensive meditation and austere self-discipline come by subduing the ego.*

14 *To serve their True Guru, contemplate on the Word of the Guru's Shabad,* 1415

ਗੁਰਬਾਣੀ ਦੀਆਂ ਉਪਰ ਲਿਖੀਆਂ ਪੰਗਤੀਆਂ ਤੋਂ ਸਪਸ਼ਟ ਹੈ ਕਿ **ਸਤਿਗੁਰੂ ਦੀ ਸੇਵਾ ਕਠਿਨ ਅਤੇ ਗਾਖੜੀ ਸੇਵਾ ਹੈ**—

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ (ਪੰਨਾ-647)

**ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥**
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥ (ਪੰਨਾ-649)

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ (ਪੰਨਾ-1247)

**ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥** (ਪੰਨਾ-1422)

ਅਸਲ਼ ਵਿਚ ਇਹੋ ਜੇਹੀ **ਕਠਿਨ, 'ਗਾਖੜੀ', 'ਮਹਾਂ ਕਰੜੀ'** ਆਤਮਿਕ ਸੇਵਾ ਕੋਈ **ਵਿਰਲੇ**, ਬਖਸ਼ੇ ਹੋਏ, ਮਰ ਜੀਵੜੇ, ਗੁਰਮੁਖ ਪਿਆਰੇ ਹੀ ਕਰਦੇ ਹਨ—

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥ (ਪੰਨਾ-66)
**ਕੋਟਿ ਮਧੇ ਕੋ ਵਿਰਲਾ ਸੇਵਕ ਹੋਰਿ ਸਗਲੇ ਬਿਉਹਾਰੀ ॥** (ਪੰਨਾ-495)
ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ (ਪੰਨਾ-1302)
ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥
**ਕੋਟਿ ਮਧੇ ਕੋ ਵਿਰਲਾ ਦਾਸੁ ॥** (ਪੰਨਾ-1340)

**'ਸੇਵਾ' ਕਈ ਕਿਸਮਾਂ ਦੀ ਹੈ**, ਜੋ ਬੇਅੰਤ ਰੰਗਾਂ ਰੇਖਾ ਦੇ **ਵਲਵਲਿਆਂ** (Various emotional feelings) ਦੇ ਅਧੀਨ ਕੀਤੀ ਜਾਂਦੀ ਹੈ ।

ਇਹ ਭਾਵਨਾਵਾਂ ਅਤੇ ਵਲਵਲੇ ਕਈ ਰੂਪਾਂ-ਰੰਗਾਂ-ਸਰੂਪਾਂ ਵਿਚ **ਪ੍ਰਗਟ ਅਤੇ ਪ੍ਰਕਾਸ਼ਤ ਹੁੰਦੇ ਹਨ ।**

ਸਾਡੇ ਸਾਰੇ—
ਖਿਆਲ
ਚਿਤਵਨੀਆਂ
ਕਰਮ
ਧਰਮ
ਨੇਕੀਆਂ
ਸੇਵਾ



It is clear from the Gurbani lines mentioned above that the sewa or service of the Satguru is difficult and tough –

1 *The elephant offers its head to the reins, and the anvil offers itself to the hammer; just so, we offer our minds and bodies to our Guru; we stand before Him, and serve Him.*
*This is how the Gurmukhs eliminate their self-conceit, and come to rule the whole world.* *647*

2 *It is very difficult to serve the True Guru; offer your head, and eradicate self-conceit. One who dies in the Word of the Shabad shall never have to die again; his service is totally approved.* *649*

3 *O Nanak, he alone is called a selfless servant, who cuts off his head, and offers it to the Lord.* *1247*

4 *To work for the Guru, or a spiritual teacher, is terribly difficult, but it brings the most excellent peace.* *1422*

In reality such hard, 'tough', 'extremely difficult spiritual sewa or service can only be done by some rare, blessed, (those) dead to the worldly ways, guru-orientated beloveds –

5 *Service to the Guru is worship of the Guru. How rare are those who obtain it!* *66*

6 *Out of millions, hardly anyone is a servant of the Lord. All the others are mere traders.* *495*

7 *But one who understands the essence of Yoga - such a humble servant is very rare* *1302*

8 *That person, upon whose forehead the Guru places His Hand - out of millions, how rare is that slave.* *1340*

There are many forms of 'Sewa' or service that is done under the influence of various emotional feeling.

These feelings and emotions become evident and manifest themselves in many forms-colours-appearances.

All our –
thoughts
remembrances
deeds
religions
charities
services

L97.4

ਘਾਲਣਾ
ਪਰਮਾਰਥ
ਪਾਠ-ਪੂਜਾ
ਦਾਨ-ਪੁੰਨ
ਜੀਵਨ

**ਕਈ ਕਿਸਮ ਦੀਆਂ ਭਾਵਨਾਵਾਂ ਦੇ ਅਧੀਨ ਪ੍ਰਵਿਰਤ ਹਨ ।**

ਗੁਰਬਾਣੀ 'ਧੁਰੋਂ' ਇਲਾਹੀ ਮੰਡਲ ਵਿਚੋਂ ਸਤਿਗੁਰਾਂ ਦੇ ਅਤਿ ਸੂਖਮ **ਅਨੁਭਵੀ ਭਾਵਨਾਵਾਂ ਦਾ ਪ੍ਰਕਾਸ਼ ਹੈ ।** ਏਸੇ ਲਈ ਮਾਇਕੀ ਮੰਡਲ ਦੇ ਠੁੱਲ੍ਹੀ ਬੁੱਧੀ ਵਾਲੇ **ਜੀਵ** ਗੁਰਬਾਣੀ ਦੇ ਭਾਵਕ ਅਰਥ, **ਅਨੁਭਵੀ ਭੇਦ, ਆਤਮਿਕ ਤੱਤ ਗਿਆਨ ਨੂੰ ਸਮਝ-ਬੁੱਝ-ਚੀਨ ਨਹੀਂ ਸਕਦੇ ।** ਏਸੇ ਕਾਰਨ ਸਾਨੂੰ ਸੀਮਤ ਬੁੱਧੀ ਵਾਲਿਆਂ ਨੂੰ ਸਮਝਾਉਣ ਅਤੇ ਸੇਧ ਦੇਣ ਲਈ, ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦੁਆਰਾ, ਅਨੇਕਾਂ **ਮਾਇਕੀ ਮੰਡਲ ਦੇ 'ਉਦਾਹਰਨ'** ਦਿਤੇ ਗਏ ਹਨ । ਪਰ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਦੇ ਧੰਧਿਆ (routine) ਵਿਚ **ਇਤਨੇ ਗਲਤਾਨ ਹਾਂ** ਕਿ ਇਨ੍ਹਾਂ **ਪ੍ਰਤੱਖ ਕੁਦਰਤੀ ਉਦਾਹਰਨਾਂ ਨੂੰ ਵਿਚਾਰਨ ਯਾ ਸਮਝਣ ਦੀ ਸਾਨੂੰ ਫੁਰਸਤ ਹੀ ਨਹੀਂ ਅਤੇ ਨਾ ਲੋੜ ਭਾਸਦੀ ਹੈ ।**

ਇਹਨਾਂ ਅਨੇਕਾਂ ਕੁਦਰਤੀ ਮਿਸਾਲਾਂ ਵਿਚੋਂ ਇਕ ਮਿਸਾਲ ਨੂੰ **ਮਾਂ-ਮਮਤਾ ਦੇ ਅਧੀਨ ਬੱਚੇ ਦੀ ਸੇਵਾ** ਬਾਬਤ ਪਿਛਲੇ ਲੇਖ ਵਿਚ ਵੇਰਵੇ ਸਹਿਤ ਬਿਆਨ ਕੀਤਾ ਜਾ ਚੁੱਕਿਆ ਹੈ ।

ਹੁਣ ਏਥੇ ਕੁਝ ਹੋਰ ਢੁਕਵੀਆਂ ਅਤੇ ਸਿਖਿਆਦਾਇਕ **'ਸੇਵਾ-ਭਾਵ' ਦੀਆਂ ਮਿਸਾਲਾਂ** ਪੇਸ਼ ਕੀਤੀਆਂ ਜਾਂਦੀਆਂ ਹਨ ।

ਹਰ-ਇਕ ਦਰਖਤ ਇਕ ਨਿੱਕੇ ਜਿਹੇ ਬੀਜ ਤੋਂ ਉਪਜਦਾ ਹੈ । ਉਸ ਬੀਜ ਨੂੰ ਧਰਤੀ ਵਿਚੋਂ **'ਜੀਵਨ-ਰੌ' ਮਿਲਦੀ ਹੈ,** ਜਿਸ ਨਾਲ ਉਹ ਉਪਜਦਾ, ਵੱਧਦਾ, ਫੁਲਦਾ ਤੇ ਫਲਦਾ ਹੈ । ਦਰਖਤ ਵਿਚ ਸੀਮਤ ਬੁੱਧੀ ਹੋਣ ਕਾਰਨ, ਉਹ **ਇਲਾਹੀ 'ਹੁਕਮ' ਦੀ ਰਵਾਨਗੀ ਵਿਚ ਸਹਿਜ-ਸੁਭਾਇ ਹੀ ਪਰਉਪਕਾਰ ਅਤੇ ਨਿਸ਼ਕਾਮ ਸੇਵਾ ਕਰੀ ਜਾਂਦਾ ਹੈ ।** ਉਹ ਆਪ ਮੀਂਹ, ਹਨੇਰੀਆਂ, ਝੱਖੜ, ਝਾਂਗੀ, ਗਰਮੀ-ਸਰਦੀ ਸਹਾਰਦਾ ਹੋਇਆ ਸਾਨੂੰ ਆਪਣੀ ਛਤ੍ਰ ਛਾਇਆ ਹੇਠ ਇਹਨਾਂ ਤੋਂ ਬਚਾਉਂਦਾ ਹੈ । ਆਪ ਕੜਕਦੀ ਧੁੱਪ ਸਹਾਰਦਾ ਹੈ ਤੇ ਸਾਨੂੰ **ਛਾਂ ਦਿੰਦਾ ਹੈ ।** ਫੁੱਲ ਅਤੇ ਫਲ ਦਿੰਦਾ ਹੈ ਅਤੇ ਕਿਸੇ ਨਾਲ ਭੀ **ਵਿਤਕਰਾ ਨਹੀ ਕਰਦਾ** ਕਿ ਕੋਈ ਮੁਸਲਮਾਨ **ਹੈ ਕਿ ਹਿੰਦੂ,** ਸਿੱਖ ਹੈ ਕਿ ਈਸਾਈ, ਪੁੰਨੀ ਹੈ ਕਿ ਪਾਪੀ, ਬ੍ਰਾਹਮਣ ਹੈ ਕਿ ਚੰਡਾਲ । ਉਹ ਸਹਿਜ-ਸੁਭਾਇ (Spontaneously) ਹੀ ਸਭਨਾਂ ਦੀ 'ਸੇਵਾ' ਕਰੀ ਜਾਂਦਾ ਹੈ । ਇਸ ਦੇ ਉਲਟ ਅਸੀਂ **ਉਸ** ਦਰਖਤ ਉਤੇ ਜ਼ੁਲਮ ਕਰਦੇ ਹਾਂ । ਦਾਤਣਾ ਤੋੜਦੇ ਹਾਂ, ਫੁੱਲ ਅਤੇ ਫਲ ਤੋੜਦੇ ਹਾਂ । ਉਹ ਫਿਰ ਭੀ **ਕੋਈ ਸ਼ਿਕਾਇਤ ਨਹੀਂ ਕਰਦਾ ਅਤੇ ਇਲਾਹੀ 'ਰਜ਼ਾ' ਵਿਚ ਮਸਤ ਹੋਇਆ 'ਆਪਾ' ਵਾਰੀ ਜਾਂਦਾ ਹੈ ।** ਉਸ ਨੂੰ ਕੱਟ ਵੱਢ ਕੇ ਅਸੀਂ ਉਸ ਦੀਆ ਲਕੜੀਆਂ ਦਾ ਬਾਲਣ ਬਣਾਉਂਦੇ ਹਾਂ—ਫਿਰ ਭੀ ਉਹ ਸਾਨੂੰ ਨਿੱਘ ਦਿੰਦਾ ਹੈ । ਜਦ ਸੁੱਕ



efforts
religious pursuit
recitation-worship
donation-charity
life

are subordinate to various types of inclinations.

Gurbani is the very subtle illumination of the True Guru's intuitional feelings right from the 'source' of the Divine Realm. For this reason people from the materialistic realm possessing gross intellect are unable to understand-unravel-discover the divine essence knowledge. This is why through Gurbani and the writings of Bhai Gurdas, numerous examples from the materialistic world have been given to explain and give direction (to people like) us who posses limited knowledge. But we are so engrossed in the daily routine chores of our life that we have no time nor do we feel the need to contemplate on or understand these veritable natural examples.

From the numerous self-evident natural examples, one example - the nurturing of a child that takes place under the influence of motherly love, has been discussed in the previous lekh at some length.

Now more apt and informative examples related to 'sewa or service and its meaning' are being put forward.

Every tree takes root from a tiny seed. That seed get its 'life-current' from the soil which allows it to grow, flourish, flower and fruit. As the tree's intellect is limited, it operates in the flow of divine 'hukam' or command and spontaneously serves others and indulges in selfless sewa or service. While bearing the brunt of the rain, storms, gales, tornados, heat-cold, it protects us from them under its canopy. It bears the blaze of the scorching sunlight and gives us shade. It gives flower and fruit and does not discriminate with anyone no matter if one is a Muslim or Hindu, A Sikh or a Christian, a sinner or virtuous, of a high caste or low caste. It spontaneously continues to be of 'service' to all. Opposed to this we are tyrannical towards that tree. We break its thin branches. We pluck its fruits and flowers. Still it does not complain and intoxicated in the divine 'will' it continues to sacrifice itself. We cut it to pieces and use it as fire-wood – even then it give us warmth. When it

ਜਾਂਦਾ ਹੈ ਤਾਂ ਵੀ ਅਸੀਂ ਕੱਟ, ਵੱਢ ਚੀਰ, ਰੰਦ ਕੇ ਆਪਣੇ ਲਾਭ ਲਈ ਵਰਤਦੇ ਹਾਂ । ਉਹ ਆਪਣੇ ਉਤੇ **ਇਤਨੀਆਂ ਤਕਲੀਫਾਂ ਤੇ ਜ਼ੁਲਮ ਸਹਾਰਦਾ ਹੋਇਆ-ਆਪਣਾ 'ਆਪਾ' ਵਾਰੀ ਜਾਂਦਾ ਹੈ** ਤੇ ਸਹਿਜ-ਸੁਭਾਇ (Unconsciously) **ਨਿਸ਼ਕਾਮ ਸੇਵਾ ਕਰੀ ਜਾਂਦਾ ਹੈ, ਫੇਰ ਭੀ ਸ਼ਿਕਾਇਤ ਅਤੇ ਅਹਿਸਾਨ ਨਹੀਂ ਕਰਦਾ ।**

ਏਸੇ ਤਰ੍ਹਾਂ ਗੁਲਾਬ ਦੇ '**ਫੁੱਲ**' ਨੂੰ ਲੈ ਲਵੋ—ਉਹ ਧਰਤੀ ਵਿਚੋਂ ਇਲਾਹੀ 'ਜੀਵਨ-ਰੌਂ' ਰਾਹੀਂ ਸੁੰਦਰਤਾ, ਕੋਮਲਤਾ, ਮਹਿਕ ਲੈਂਦਾ ਹੋਇਆ, ਜਦ ਜੋਬਨ ਤੇ ਆ ਕੇ ਖਿੜਦਾ ਹੈ, ਤਾਂ ਉਹ ਆਪਣਾ '**ਆਪਾ**' ਅਰਥਾਤ ਸੁੰਦਰਤਾ, ਕੋਮਲਤਾ, ਖੁਸ਼ਬੂ **ਵੰਡਣਾ ਸ਼ੁਰੂ ਕਰ ਦਿੰਦਾ ਹੈ,** ਕਿਉਂਕਿ ਉਸ ਦੇ 'ਆਪੇ' ਦੇ ਗੁਣ ਉਸ ਵਿਚ ਸਮਾਉਂਦੇ ਨਹੀਂ ਤੇ ਡੁਲ੍ਹ-ਡੁਲ੍ਹ ਪੈਂਦੇ ਹਨ । **ਇਉਂ ਉਹ ਅਪਣਾ 'ਆਪਾ' ਦਿਨ-ਰਾਤ ਵੰਡੀ ਜਾਂਦਾ ਹੈ ।**

ਏਥੇ ਹੀ ਬਸ ਨਹੀਂ, ਜੇਕਰ ਉਸ ਦੀਆਂ ਕੋਮਲ ਪੰਖੜੀਆਂ ਨੂੰ ਤੋੜ-ਮਰੋੜ ਕੇ ਮਲ-ਦਲ ਦੇਈਏ, ਜਾਂ **ਅੱਗ ਉਪਰ ਉਬਾਲ ਕੇ 'ਅਤਰ' ਬਣਾ ਲਈਏ-ਤਾਂ ਭੀ ਇਤਨੇ ਕਸ਼ਟ ਅਤੇ ਜ਼ੁਲਮ ਸਹਾਰਦਿਆਂ ਹੋਇਆਂ, 'ਫੁੱਲ' ਅਪਣੇ 'ਆਪੇ' ਨੂੰ ਵੰਡਣ ਤੋਂ ਸੰਕੋਚ ਨਹੀਂ ਕਰਦਾ** ਕਿਉਂਕਿ ਉਸ ਵਿਚ ਇਲਾਹੀ ਭਾਣੇ ਦੀ ਰਵਾਨਗੀ ਅਨੁਸਾਰ **'ਆਪਾ' ਵੰਡਣ ਦਾ ਚਾਉ ਅਤੇ 'ਉਮਾਹ' ਬਣਿਆ ਰਹਿੰਦਾ ਹੈ ।**

ਕਿਸੇ **ਰੋਸ-ਸ਼ਿਕਾਇਤ ਜਾਂ ਬਦਲੇ ਦੀਆਂ ਨੀਵੀਆਂ ਭਾਵਨਾਵਾਂ ਤੋਂ ਬਗੈਰ,** 'ਫੁੱਲ' ਨਿਰੋਲ ਅਤੇ ਨਿਰਬਾਣ ਇਲਾਹੀ 'ਹੁਕਮ' **ਦੀ ਕਾਰ ਯਾ ਸੇਵਾ ਕਰਦਾ ਹੋਇਆ,** ਗੁਰਬਾਣੀ ਦੇ ਉਪਦੇਸ਼ **'ਆਪੁ ਗਵਾਇ ਸੇਵਾ ਕਰੇ' ਨੂੰ ਸਹੀ ਤੌਰ ਤੇ ਕਮਾ ਰਿਹਾ ਹੈ ।**

ਇਸੇ ਤਰ੍ਹਾਂ 'ਫੁੱਲ' ਆਪਣੇ ਅੰਤ੍ਰੀਵ ਰਸ, ਰੰਗ, ਖੁਸ਼ਬੋ ਦੇ ਸਰੂਰ ਵਿਚ **ਅਲਮਸਤ ਮਤਵਾਰਾ ਹੋ ਕੇ,** ਇਲਾਹੀ ਜੋਬਨ ਦੀ ਖੁਮਾਰੀ ਵਿਚ 'ਖੀਵਾ' ਹੋ ਕੇ—

ਡੁਲ੍ਹ-ਡੁਲ੍ਹ ਪੈਂਦਾ
'ਆਪਾ' ਵਾਰਦਾ
'ਜੋਬਨ' ਵੰਡਦਾ
'ਹੁਕਮ' ਕਮਾਉਂਦਾ
'ਸਹਿਜ- ਖੇਲ' ਖੇਲਦਾ
'ਪਿਆਰ-ਸਵੈਪਨਾ' ਵਿਚ

ਕਾਇਨਾਤ ਦੀ **ਨਿਸ਼ਕਾਮ ਸੇਵਾ ਕਰਦਾ ਹੋਇਆ, ਆਪਣਾ 'ਜੀਵਨ' ਸਫਲ ਕਰ ਰਿਹਾ ਹੈ** ਅਤੇ ਗੁਰਬਾਣੀ ਦੀਆਂ ਹੇਠਲੀਆਂ ਪੰਗਤੀਆਂ ਨੂੰ ਸਹਿਜ-ਸੁਭਾਇ, ਅਣਜਾਣੇ ਅਤੇ ਅਭੋਲ ਹੀ **ਮੰਨ ਅਤੇ ਕਮਾ ਰਿਹਾ ਹੈ ।**

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (ਪੰਨਾ-474)

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ (ਪੰਨਾ-1017)



dries up we further cut, slice, saw, plane and use it for our benefit. Bearing the brunt of all these difficulties and tyranny, it continues to sacrifice its innate self and unconsciously indulges in selfless sewa or service, even then it never complains nor does it remind others of its sacrifice.

In the same way, take the rose 'flower' – from the earth through divine 'life current' it acquires beauty, tenderness, fragrance and when it blooms at the prime of youth, it begins to share its innate 'self' that is its beauty, tenderness, fragrance because it cannot hold on to the virtues of its innate self as they keep overflowing. In this way day and night it continues to share its innate 'self'.

This is not the end, if its tender petals are wrenched-plucked and crushed, or boiled over fire to make its essence, even then after bearing up with so much pain and cruelty, the 'flower' does not hesitate to share of its 'innate self' because according to the flow of his divine will, the joy of sharing its innate 'self' and the 'exuberance' remains intact.

Without the low or base tendencies of grievance-complaint or revenge the 'flower', participating in the pure and liberating action or sewa of the divine *hukam* or command, continues to cultivate in the correct way the counsel of Gurbani viz '*eliminate the self* (which tends to take credit ) *and perform sewa*'.

In this way the 'flower' inebriated in the ecstasy of its innate essence, colour, fragrance, intoxicated in the intoxication of divine youthfulness –

begins to overflow
'sacrifices its 'innate self'
shares its 'youthfulness'
cultivates the 'hukam or command'
participates in the 'spontaneous play'
immersed the 'love of the self '

while doing the selfless service of the creation, is making its 'life' successful, and spontaneously, without knowing and innocently is complying with and cultivating the Gurbani lines below.

1 *But if he eliminates his self-conceit and then performs service, he shall be honored.* 474

2 *The sharp tool cuts down the tree, but it does not feel anger in its mind.*
*It serves the purpose of the cutter, and does not blame him at all.* 1017

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ (ਪੰਨਾ-1382)

ਇਹਨਾਂ ਉਦਾਹਰਨਾਂ ਵਿਚੋਂ ਦਰਖਤ ਅਤੇ ਫੁੱਲ ਵਿਚ **ਠੁੱਲੀ ਚੇਤਨਤਾ ਅਤੇ ਸੀਮਤ ਬੁੱਧੀ** ਹੋਣ ਕਾਰਨ ਉਹ ਆਪਣੇ 'ਨਾਲ ਲਿਖੇ ਹੁਕਮ' ਅਨੁਸਾਰ, ਅਣਜਾਣੇ ਅਤੇ ਸਹਿਜ-ਸੁਭਾਇ ਹੀ, **ਕਾਇਨਾਤ ਦੀ ਸੇਵਾ ਕਰ ਰਹੇ ਹਨ**—ਜਿਸ ਕਾਰਨ ਉਹਨਾਂ ਨੂੰ **ਆਪਣੀ ਸੇਵਾ ਦਾ ਅਹਿਸਾਸ ਨਹੀਂ ਹੁੰਦਾ ਅਤੇ 'ਹਉਮੈ' ਦੀ ਭਾਵਨਾ ਨਹੀਂ ਹੁੰਦੀ।** ਜਿਸ ਕਰਕੇ ਉਹਨਾਂ ਦੀ ਇਹ ਭੋਲੇ-ਭਾਇ ਸੇਵਾ (Unconscious service) **ਨਿਰਬਾਣ ਤੇ ਨਿਸ਼ਕਾਮ ਹੁੰਦੀ ਹੈ,** ਜਿਸ ਨਾਲ ਉਹਨਾਂ ਦੀ ਕਲਿਆਨ ਤੇ ਆਤਮਿਕ ਤਰੱਕੀ ਹੁੰਦੀ ਜਾਂਦੀ ਹੈ।

ਪਰ ਇਨਸਾਨ ਨੂੰ ਅਕਾਲ ਪੁਰਖ ਨੇ ਅਤਿਅੰਤ ਸੂਖਮ ਚੇਤਨਤਾ ਅਤੇ ਤੀਖਣ ਬੁੱਧੀ ਬਖਸ਼ੀ ਹੈ—ਜਿਸ ਦੀ ਸੂਖਮ ਭਾਵਨਾਵਾਂ ਦੇ ਅਧੀਨ ਉਹ 'ਸੇਵਾ' ਕਰਦਾ ਹੈ। **ਐਸੀ ਸੇਵਾ ਦੇ ਤਹਿ ਵਿਚ ਹਉਮੈ ਦਾ ਭਰਮ ਭੁਲਾਵਾ, ਸਵਾਰਥ ਅਤੇ ਮੈਂ-ਮੇਰੀ ਦੀ ਅੰਸ਼ ਕੰਮ ਕਰਦੀ ਹੈ।** ਏਸੇ ਕਾਰਨ **ਇਨਸਾਨ ਦੀ ਸੇਵਾ ਨਿਰਬਾਨ ਅਤੇ ਨਿਸ਼ਕਾਮ ਨਹੀਂ ਕਹੀ ਜਾ ਸਕਦੀ।** 'ਹਉਂ-ਧਾਰੀ ਸੇਵਾ' ਮਾਇਕੀ ਦੁਨੀਆਂ ਦੇ ਕਰਮਿਕ ਅਸੂਲ (Karmic Law) ਦੇ ਅਧੀਨ ਪ੍ਰਵਿਰਤ ਹੁੰਦੀ ਹੈ, ਜਿਸ ਨਾਲ ਅਸੀਂ ਕਰਮ-ਬੱਧ ਹੋ ਕੇ ਨਤੀਜੇ ਭੁਗਤਦੇ ਹਾਂ ਅਤੇ ਆਤਮਿਕ ਮੰਡਲ ਵਿਚ ਸਾਡੀ ਕਲਿਆਨ ਨਹੀਂ ਹੋ ਸਕਦੀ।

**'ਮਾਂ'** ਦੀ ਆਪਣੇ ਬੱਚੇ ਲਈ ਸ੍ਰੇਸ਼ਟ ਤੇ ਅਲੌਕਿਕ ਸੇਵਾ ਭਾਵੇਂ ਬੜੀ ਕਠਨ ਅਤੇ **'ਆਪਾ' ਵਾਰਨ ਵਾਲੀ ਹੈ**—ਪਰ ਇਸ ਦੇ ਪਿਛੇ **'ਮੈਂ-ਮੇਰੀ' ਦੀ ਅਪਣਤ ਹੁੰਦੀ ਹੈ।** ਉਹ ਐਸੀ ਸੇਵਾ **ਗਵਾਂਢੀਆਂ ਦੇ ਬੱਚਿਆਂ ਦੀ ਨਹੀਂ ਕਰ ਸਕਦੀ।** ਇਸ ਲਈ 'ਮਾਂ' ਦੀ ਸੇਵਾ **'ਕਰਮਿਕ ਕਾਨੂੰਨ'** ਅੰਦਰ ਆਉਂਦੀ ਹੈ, ਕਿਉਂਕਿ ਬੱਚੇ ਨੂੰ **ਆਪਣਾ ਸਮਝ ਕੇ ਮੋਹ ਵਿਚ ਫਸ ਜਾਂਦੀ ਹੈ**, ਅਤੇ ਇਸੇ 'ਮੋਹ' ਵਿਚ ਗਲਤਾਨ ਹੋ ਕੇ, 'ਮਾਂ-ਪਿਆਰ' ਵਿਚ ਇਲਾਹੀ **'ਦਾਤ' ਨੂੰ ਭੁੱਲ ਜਾਂਦੀ ਹੈ,** ਜੋ ਬੱਚੇ ਦੀ ਪਰਵਰਿਸ਼ ਲਈ ਉਸ ਦੇ ਹਿਰਦੇ ਵਿਚ **ਬੱਚੇ ਦੇ ਜਨਮ ਵੇਲੇ ਉਪਜੀ ਸੀ।**

ਜੇਕਰ **'ਮਾਂ'**, ਆਪਣੇ 'ਨਾਲ ਲਿਖੇ ਹੁਕਮ' ਅਨੁਸਾਰ ਉਪਜੀ 'ਮਾਂ-ਪਿਆਰ' ਦੀ ਭਾਵਨਾ ਦੇ ਸਮੇਂ **ਅਕਾਲ ਪੁਰਖ ਦੇ ਸ਼ੁਕਰਾਨੇ ਵਿਚ** ਬੱਚੇ ਦੀ ਪਾਲਣਾ ਕਰਦੀ ਅਤੇ **ਆਪਣੀ ਅਪਣਤ ਨੂੰ ਨਾ ਮਹਿਸੂਸ ਕਰਦੀ**, ਤਾਂ ਉਸ ਦੀ ਸੇਵਾ **ਨਿਰਬਾਣ ਤੇ ਨਿਸ਼ਕਾਮ ਹੁੰਦੀ** ਜਿਸ ਨਾਲ ਉਸ ਦੀ ਸੇਵਾ **ਸਫਲ ਤੇ ਕਲਿਆਨ-ਕਾਰੀ ਹੁੰਦੀ।**

ਏਥੇ **'ਮਦਰ ਟੇਰੇਸਾ'**(Mother Teresa) ਦੀ ਮਿਸਾਲ ਠੀਕ ਢੁੱਕਦੀ ਹੈ—ਜਿਸ ਨੇ **ਬਗੈਰ** ਅਪਣਤ ਅਤੇ ਮੋਹ ਦੇ ਅਪਣੇ ਮਸੀਹ ਕਰਾਇਸ (Christ) ਦੇ ਪਿਆਰ ਦੀ ਮਸਤੀ ਵਿਚ ਅਨੇਕਾਂ ਅਪਾਹਿਜ, ਯਤੀਮ ਅਤੇ ਬੇਸਹਾਰਾ ਬੱਚਿਆਂ ਦੇ ਪਾਲਣ-ਪੋਸ਼ਣ ਦੀ **ਨਿਰਬਾਣ ਅਤੇ ਨਿਸ਼ਕਾਮ ਸੇਵਾ ਕੀਤੀ ਹੈ।**



*Fareed, answer evil with goodness; do not fill your mind with anger.* *1382*

From these examples, as both the tree and flower have gross consciousness and limited intellect, they are unknowingly and spontaneously serving the creation according to their 'innate inlaid command' – this being the reason why they are not aware of the sewa or service and have no inkling of 'egotism' in them. That is why their unconscious service is pure and selfless and (in such a state) their salvation and spiritual progress continues to take place.

But the Timeless Being has blessed man with boundless subtle consciousness and sharp intellect – (and) being subordinate to his subtle feelings he does 'sewa' or service. In the folds of such sewa or service the off-spring of egotism's doubt fallacy, self-centredness and me-mineness operates. 'Ego-ridden sewa or service' operates under the influence the Karmic Law of materialism and being action-bound we have to face the consequences. (Under these conditions) our salvation cannot take place in the spiritual realm.

Although the special and wondrous sewa or service of a mother towards her child is tough and 'self' sacrificing – but behind it there is the intimacy of 'me-mineness'. She cannot perform the same sewa or service for the neighbour's children. For this reason mother's sewa or service comes under the 'Karmic Law' because she considers the child to be hers and gets trapped in attachment. Entangled in this 'attachment' of 'motherliness' she forgets that it is a divine 'gift' which was placed in her heart at the time of birth to nurture the child.

If the mother, according to the 'innate inlaid command', at the time when the fountain of feeling of motherliness arose in her, were to nurture the child in the state of thankfulness towards the Timeless Being, then her sewa or service would have been pure and selfless, in which case this sewa or service of hers would have been successful and salvation giving.

Here Mother Teresa's example is most apt. Without the (feelings of) intimacy and attachment, intoxicated in the love of her Messiah Christ, she performed the pure and selfless sewa or service of nurturing numerous cripples, orphans and shelterless children.

ਇਹਨਾਂ ਉਦਾਹਰਨਾਂ ਤੋਂ ਸਪਸ਼ਟ ਹੈ ਕਿ—

1. 'ਸੇਵਾ' ਦੇ ਪਿਛੇ **'ਭਾਵਨਾ' ਅਨੁਸਾਰ ਹੀ ਫਲ ਮਿਲਦਾ ਹੈ !**

ਏਕ ਨਦਰਿ ਕਰਿ ਵੇਖੈ ਸਭ ਉਪਰਿ
**ਜੇਹਾ ਭਾਉ ਤੇਹਾ ਫਲੁ ਪਾਈਐ ॥** (ਪੰਨਾ-602)

2. ਮਾਇਕੀ ਮੰਡਲ ਵਿਚ ਹਉਮੈ-ਵੇੜੇ ਮਨ ਦੁਆਰਾ, **ਮੈਂ-ਮੇਰੀ ਦੀ ਭਾਵਨਾ ਨਾਲ** ਜੋ ਸੇਵਾ ਕੀਤੀ ਜਾਂਦੀ ਹੈ—**ਉਹ** ਭਾਵੇਂ ਕਿੰਨੀ ਨੇਕ ਅਤੇ ਸ੍ਰੇਸ਼ਟ ਭਾਸਦੀ ਹੋਵੇ, ਸਭ ਕਰਮਿਕ ਕਾਨੂੰਨ (Karmic Law) ਦੇ ਅਧੀਨ ਆਉਂਦੀ ਹੈ ਅਤੇ ਸਾਨੂੰ **ਮਾਇਕੀ ਮੰਡਲ ਵਿਚ ਹੀ ਫਸਾਈ ਰਖਦੀ ਹੈ, ਅਤੇ ਇਲਾਹੀ ਮੰਡਲ ਵੱਲ ਲੈ ਜਾਣ ਲਈ ਕਲਿਆਨ ਕਾਰੀ ਨਹੀਂ ਹੋ ਸਕਦੀ।**

3. ਆਤਮਿਕ ਮੰਡਲ ਦੇ ਪਰਮ-ਪਦ ਦੇ **ਪਾਤ੍ਰ ਬਣਨ ਲਈ, ਸਤਿਗੁਰੂ ਦੇ ਪਿਆਰ ਵਿਚ ਰੰਗੀਜ ਕੇ, ਨਿਰਬਾਣ ਤੇ ਨਿਸ਼ਕਾਮ ਸੇਵਾ ਕਰਨ ਦੀ ਲੋੜ ਹੈ।**

ਇਹ ਸਤਿਗੁਰੂ ਦੀ **ਪਿਆਰ ਭਾਵਨਾ**—

1. ਗੁਰਬਾਣੀ ਦੇ **ਅੰਤ੍ਰੀਵ-ਭਾਵ ਦੀ ਵਿਚਾਰ**
2. ਬਖਸ਼ੇ ਹੋਏ **ਗੁਰਮੁਖ ਪਿਆਰਿਆਂ ਦੀ ਸੰਗਤ**
3. ਸਿਮਰਨ ਅਥਵਾ **ਨਾਮ-ਅਭਿਆਸ ਕਮਾਈ**
4. ਗੁਰਪ੍ਰਸਾਦਿ

**ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ।**

ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (ਪੰਨਾ-12)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-384)

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ ॥ (ਪੰਨਾ-975)

**ਬਖਸ਼ਿਆ ਹੋਇਆ ਗੁਰਮੁਖ ਜਨ—**

ਗੁਰੂ ਦੇ **ਪਿਆਰ** ਵਿਚ
ਨਾਮ ਦੇ **ਰੰਗਣ** ਵਿਚ
ਸਬਦ ਦੀ **ਮਿੱਠੀ ਧੁਨੀ** ਵਿਚ
**ਪ੍ਰੀਤ, ਪ੍ਰੇਮ, ਰਸ ਦੇ ਚਾਓ ਵਿਚ**
ਚਾਓ ਦੇ ਜੋਰਦਾਰ **ਵੇਗ ਵਿਚ**
**ਆਤਮਿਕ ਉਮਾਹ ਦੇ ਜੋਸ਼ ਵਿਚ**

**ਜਦ—**

ਉਛਲਦਾ
ਉਮਡਦਾ



It is clear from these examples that –

1. The inclination or feeling behind the sewa or service will determine the fruit.

*1 He looks alike upon all with His Glance of Grace, 602*
*but people receive the fruits of their rewards according to their love for the Lord.*

2. In the materialistic world whatever sewa or service is done through the ego-ridden mind under the influence of me-mineness - no matter how virtuous or pure it appears, all come under the influence of Karmic law and it keeps us trapped in the materialistic world. It cannot take us towards the salvation giving divine realm.

3. To become the recipients of the supreme status of the divine realm it necessary to do selfless sewa or service while being imbued with the love of the Satguru .

This love filled conviction can only be obtained through –

1 the contemplation of the innate meaning of Gurbani
2 the company of blessed guru-orientated beloveds
3 simran or the cultivation of the practice of Naam
4 the Grace of the Guru.

*2 Join the Saadh Sangat, the Company of the Holy; vibrate and meditate on the Jewel of the Naam. 12*

*3 Through loving devotional worship, O Nanak, I have obtained peace; in the Saadh Sangat, the Company of the Holy, I am absorbed into the Lord. 384*

*4 The Lord's Saint loves the Lord in his mind, like the lotus flower gazing at the moon. 975*

When a blessed guru-orientated being imbued –

in the love of the guru
in the hue of Naam
in the sweet melody of the Shabad
in joy love, affection, relish
in the torrential flow of joy
in the exuberance of divine intoxication

overflows
wells up

ਡੁਲ੍ਹ-ਡੁਲ੍ਹ ਪੈਂਦਾ
ਆਪਾ ਵਾਰਦਾ
ਆਪਾ ਵੰਡਦਾ
ਆਪਾ ਖਲੇਰਦਾ ਹੈ,

**ਤਾਂ ਉਸਦੀ ਹਰ—**

ਚਿਤਵਨੀ
ਹਰਕਤ
ਤਕਣੀ
ਬੋਲ
ਤੋਰ
ਦਰਸ਼ਨ
ਸੰਗਤ

**ਰਾਹੀਂ—**

ਨਾਨਕ-ਪਿਆਰ
ਨਾਮ
ਸ਼ਬਦ
ਪ੍ਰੀਤ
ਪ੍ਰੇਮ
ਰਸ
ਚਾਉ
ਉਮਾਹ

**ਦਾ ਅਕਸ ਅਤੇ ਪ੍ਰਕਾਸ਼ ਦਾ ਪ੍ਰਗਟਾਵਾ ਹੋ ਰਿਹਾ ਹੁੰਦਾ ਹੈ।**

ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੋਈ ਚੰਗਾ-ਮਾੜਾ, ਪਾਪੀ-ਪੁੰਨੀ ਅਤੇ **ਉੱਚੇ-ਨੀਵੇਂ** ਦਾ **ਵਿਤਕਰਾ ਨਹੀਂ ਹੁੰਦਾ**, ਕਿਉਂਕਿ ਉਹ ਤ੍ਰੈ-ਗੁਣਾਂ ਦੀ ਮੈਂ-ਮੇਰੀ ਦੀ ਨਿਕੀ ਜੇਹੀ **ਕੂੜੀ ਖਿਆਲੀ ਦੁਨੀਆਂ ਤੋਂ ਉੱਚੇ ਉਠ ਕੇ**, ਕਿਸੇ ਉਚਮ-ਉਚੇ, ਸੁਚਮ-ਸੁਚੇ, **'ਨਾਨਕ-ਪਿਆਰ' ਦੇ ਸੋਹਣੇ ਪ੍ਰੇਮ-ਸਵੈਪਨਾ ਵਿਚ ਵਿਚਰਦੇ ਹਨ** ਅਤੇ ਇਲਾਹੀ ਰਸ ਦੀ **ਖੁਮਾਰੀ ਵਿਚ ਮਤਵਾਲੇ** (Intoxicated) ਹੋ ਕੇ **'ਪ੍ਰਿਮ-ਖੇਲ' ਖੇਲਦੇ ਹਨ ।** ਉਹ ਇਲਾਹੀ-ਮੰਡਲ, ਨਿਜ ਘਰ,' **'ਬੇਗਮ ਪੁਰੇ' ਦੇ ਵਾਸੀ ਹੁੰਦੇ ਹਨ**, ਜਿਥੇ 'ਦੂਜੇ ਭਾਵ' ਯਾ ਹਉਮੈ ਅਥਵਾ **'ਮੈਂ-ਮੇਰੀ' ਦੀ ਲੇਸ ਭੀ ਨਹੀਂ ਹੁੰਦੀ।**



pours out continually
expresses devotional love
shares his innate self
disperses his innate self

then through every–

thought
movement
glance
word
gait
meeting
company,

of his, the reflection and illumination of –

Nanak – love
Naam
shabad
love
affection
relish
joy

keeps manifesting itself.

In their eyes discrimination about good-bad, sinful-virtuous, and high-low does not exist because they have risen above the small, false illusionary world of three-phased me-mineness, and exist in some high-lofty, pure-chaste, Nanak-love's beautiful love of the inner-self, and intoxicated in the intoxication of the divine relish, they play the 'game of love'. They are the residents of the divine realm, the 'real soul-home within', the 'griefless city' where there is not a trace of 'second-love' or me-mineness.

ਪਾਣੀ ਦੇ ਵੇਗ ਯਾ ਹਵਾ ਦੀ ਰਵਾਨਗੀ ਵਾਂਗ ਗੁਰਮੁਖ ਜਨਾਂ ਵਿਚ **ਪਰਉਪਕਾਰ ਦੇ ਉਮਾਹ ਦਾ ਵੇਗ, ਨਿਤ ਨਵੇਂ ਰੰਗਾਂ-ਰੇਖਾ ਅਤੇ ਚਾਓ ਵਿਚ ਉਪਜਦਾ ਤੇ ਪ੍ਰਕਾਸ਼ਤ ਹੁੰਦਾ ਰਹਿੰਦਾ ਹੈ।** ਇਸ ਤਰ੍ਹਾਂ ਉਹ ਆਪ-ਮੁਹਾਰੇ, ਭੋਲੇ-ਭਾਇ, ਨਿਰਬਾਣ ਅਤੇ **ਨਿਸ਼ਕਾਮ ਸੇਵਾ ਕਰੀ ਜਾਂਦੇ ਹਨ** ਅਤੇ 'ਫੁਲ' ਵਾਂਗ, ਆਪਣਾ 'ਆਪਾ' ਵੰਡਣਾ, ਲੁਟਾਉਣਾ, ਖਲੇਰਨਾ, **ਉਹਨਾਂ ਦਾ ਕੁਦਰਤੀ ਸੁਭਾਉ ਹੀ ਬਣ ਜਾਂਦਾ ਹੈ।** ਗੁਲਾਬ ਦੇ ਫੁਲ ਵਾਂਗ ਉਹਨਾਂ ਦੇ ਜੀਵਨ ਦਾ ਹਰ ਪਲ, ਹਰ ਖਿਨ, ਹਰ ਘੜੀ, ਦਿਨ-ਰਾਤ, **ਸਾਰੀ ਉਮਰ ਪਰਉਪਕਾਰ ਅਤੇ ਸੇਵਾ ਵਿਚ ਹੀ ਗੁਜਰਦੀ ਹੈ।**

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥** (ਪੰਨਾ-273)

ਇਸ 'ਨਾਨਕ ਪਿਆਰ' ਦੀ ਮਸਤੀ ਵਿਚ ਆਪਾ ਵਾਰਦਿਆਂ ਹੋਇਆਂ, ਗੁਰਮੁਖ ਜਨ, ਹਰ ਕਿਸਮ ਦੀਆਂ **ਕੁਰਬਾਨੀਆਂ ਅਤੇ ਸ਼ਹੀਦੀਆਂ ਖਿੜੇ ਮੱਥੇ, ਹੱਸ ਕੇ ਪਾਉਂਦੇ ਹਨ** ਅਤੇ ਸ਼ੁਕਰਾਨੇ ਵਿਚ, **'ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕ ਮਾਂਗੈ ॥** ਦਾ ਸ਼ਬਦ ਉਚਾਰਨ ਕਰਦੇ ਹਨ। ਏਹੋ ਜਿਹੀਆਂ ਆਤਮਿਕ ਸ਼ਹੀਦੀਆਂ ਅਤੇ ਕੁਰਬਾਨੀਆਂ ਦੀਆਂ ਮਿਸਾਲਾਂ ਗੁਰੂ ਸਾਹਿਬਾਂ ਅਤੇ ਗੁਰ ਸਿਖਾਂ ਦੇ ਇਤਿਹਾਸ ਵਿਚ ਅਨੇਕਾਂ **ਅਦੁੱਤੀ** ਮਿਸਾਲਾਂ ਮਿਲਦੀਆਂ ਹਨ।

ਪਰ ਇਹੋ ਜੇਹੇ ਪਰਉਪਕਾਰੀ ਗੁਰਮੁਖ ਜਨ ਸੰਸਾਰ ਵਿਚ **ਵਿਰਲੇ** ਹੀ ਹੁੰਦੇ ਹਨ—

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥** (ਪੰਨਾ-495)

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥ (ਪੰਨਾ-1411)

ਐਸੇ ਗੁਰਮੁਖ ਪਿਆਰਿਆਂ ਦੀ **ਚੁੱਪ ਵਿਚ ਭੀ, 'ਸੇਵਾ' ਤੇ ਪਰਉਪਕਾਰ ਹੈ,** ਜਿਸ ਤਰ੍ਹਾਂ ਕੁਦਰਤ ਦੀਆਂ ਅਨੇਕ ਜਬਾਨ-ਹੀਣ ਅਤੇ ਬੋਲੀ-ਹੀਣ ਜੂਨਾਂ ਆਪਣੇ 'ਨਾਲ ਲਿਖੇ ਹੁਕਮ' ਅਨੁਸਾਰ, ਕਾਇਨਾਤ ਦੀ **ਅਬੋਲ ਅਤੇ ਅਦ੍ਰਿਸ਼ਟ ਤਰੀਕੇ ਨਾਲ ਸੇਵਾ ਕਰ ਰਹੀਆਂ ਹਨ।**

ਗੁਰਮੁਖ ਪਿਆਰਿਆਂ ਦੀ '**ਚੁੱਪ-ਪ੍ਰੀਤ**' ਦੁਆਰਾ ਅਨੇਕਾਂ ਹੋਣਹਾਰ ਰੂਹਾਂ ਨੂੰ **ਅਬੋਲ-ਬੋਲੀ ਵਿਚ ਅਨੁਭਵ ਦੁਆਰਾ ਇਲਾਹੀ 'ਪ੍ਰੇਮ-ਸਨੇਹੜਾ' ਅਥਵਾ ਨਾਮ-ਰਸ ਦੀ 'ਛੋਹ' ਅਭੋਲ ਹੀ ਮਿਲ ਜਾਂਦੀ ਹੈ।**

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥ (ਪੰਨਾ-672)

ਇਹ **ਇਲਾਹੀ ਬਖਸ਼ਿਸ਼,** ਆਤਮਿਕ ਜਿਗਿਆਸੂਆਂ ਦੀਆਂ ਰੂਹਾਂ ਲਈ, ਇਲਾਹੀ ਮੰਡਲ ਦਾ—

**ਜਾਦੂ ਹੈ**

**ਕਰਾਮਾਤ ਹੈ**



Like the flowing current of water or the flow of air, in Guru orientated beings the current of exuberance for service towards others, joyfully arises and manifests daily in ever new colours and forms. In this they automatically, unknowingly continue to do pure and selfless sewa or service and like a 'flower', it becomes their natural disposition to have their innate self shared, looted, diffused. Like the rose flower, every moment of their life - every second, every hour, day and night, the whole life is spent in the sewa or service of others.

1 *The God-conscious being delights in doing good to others.* 273

Sacrificing their innate self in the intoxication of 'Nanak love', the Guru orientated beings willing and happily face and accept all types of sacrifices including the giving up of life and in (a state of) gratefulness they utter the words, *"Your actions seem so sweet to me. Nanak begs for the treasure of the Naam, the Name of the Lord".* Such extraordinary examples of the spiritual surrender of life and sacrifices are found in abundance in the history of the Gurus and gursikhs.

But such gursikh beings who serve others are indeed rare in the world –

2 *Out of millions, hardly anyone is a servant of the Lord. All the others are mere traders.* 495

3 *The Saints are few and far between; everything else in the world is just a pompous show.* 1411

In the silence of such gurmukh beloveds too, 'sewa' and service towards others exists, just like the creation's numerous tongue less and language- less life forms, which continue to do sewa or serve the creation in voiceless and unseen ways according to their 'in-laid hukam or command'.

Through the 'silent-love' of guru-orientated beloveds, numerous promising souls unknowingly get 'infected' with divine 'message of love' or the relish of Naam through intuition in a language-less language.

4 *We cannot meet the Lord by our own efforts, nor can we meet Him through service; He comes and meets us spontaneously.* 672

For the souls of the spiritual seekers, this divine blessing is –

the magic

a miracle

L97.10

ਘਾਲਣਾ ਹੈ
ਸੇਵਾ ਹੈ
ਪਰਉਪਕਾਰ ਹੈ
ਲੇਵਾ-ਦੇਵੀ ਹੈ
ਵਣਜ-ਵਪਾਰ ਹੈ
ਪ੍ਰਿਮ-ਖੇਲ ਹੈ
ਨਾਮ-ਨਿਧਾਨ ਹੈ
ਪ੍ਰੇਮ-ਸਵੈਪਨਾ ਹੈ
**ਸ਼ਬਦ ਹੈ**
ਗੁਰਪ੍ਰਸਾਦਿ ਹੈ ।

ਪਰ ਇਹ **ਇਲਾਹੀ 'ਪ੍ਰਿਮ-ਖੇਲ' ਸਾਡੀ ਸੀਮਤ ਬੁੱਧੀ ਦੀ ਪਕੜ ਤੋਂ ਪਰੇ ਹੈ ।** ਇਸ 'ਪ੍ਰਿਮ-ਖੇਲ' ਨੂੰ ਕੋਈ ਬਖਸ਼ਿਆ ਹੋਇਆ ਗੁਰਮੁਖ ਜਨ ਹੀ ਸਮਝ, ਬੁੱਝ, ਚੀਨ ਅਤੇ **ਅਨੁਭਵ ਕਰ ਸਕਦਾ ਹੈ,** ਜੋ ਚੌਥੇ ਪਦ, ਪਰਮ-ਪਦ, ਆਤਮ-ਮੰਡਲ, **'ਤਤ ਜੋਗ' ਕਾ ਬੇਤਾ ਹੋਵੇ ।**

ਸੇ ਭਗਤ ਸੇ ਸੇਵਕਾ ਜਿਨਾ ਹਰਿਨਾਮੁ ਪਿਆਰਾ ॥ (ਪੰਨਾ-733)

ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ ॥ (ਪੰਨਾ-767)

ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ (ਪੰਨਾ-1302)

ਗੁਰਮੁਖ ਜਨ ਆਪਣੇ ਦਾਤੇ, **ਸਤਿਗੁਰੂ ਦੇ**—

'ਨਾਨਕ-ਪਿਆਰ' ਦੀ **'ਪ੍ਰਨਾਲੀ' ਬਣ ਕੇ**
**ਇਲਾਹੀ 'ਹਥਿਆਰ' ਬਣ ਕੇ**
ਇਲਾਹੀ ਬਖਸ਼ਿਸ਼ਾਂ ਦਾ **'ਵਰਤਾਵਾ'** ਬਣ ਕੇ
ਪ੍ਰਿਮ-ਪਿਆਲੇ ਦਾ **'ਸਾਕੀ'** ਬਣ ਕੇ
ਮਿਹਰਾਂ ਦਾ **'ਮੀਂਹ'** ਬਣ ਕੇ
**'ਨਾਮ-ਸੂਰਜ'** ਦੀ **'ਧੁੱਪ'** ਬਣ ਕੇ
ਨਾਮ-ਫੁੱਲ ਦੀ **'ਮਹਿਕ'** ਬਣ ਕੇ
ਮਾਂ-ਪਿਆਰ ਦੀ **'ਮਮਤਾ'** ਬਣ ਕੇ
ਸਬਦ ਦਾ **'ਰਸ'** ਬਣ ਕੇ
ਜੀਵਨ-ਰੌਂ ਦੀ **'ਰਵਾਨਗੀ'** ਬਣ ਕੇ
ਇਲਾਹੀ 'ਨਾਦ' ਦੀ **ਸੁਰ** ਬਣ ਕੇ
**'ਬੇ-ਖਰੀਦ ਗੋਲਾ'** ਬਣ ਕੇ



the effort
the service
the service rendered to others
the communion
the transaction
the play of love
the treasure of Naam
the love of the innate self
the word
the Guru's Grace

of the spiritual realm.

But this divine 'play of love' is beyond the reach of our limited intellect. Only some blessed guru-orientated being will be able to understand, unravel, discover and experience this 'play of love'. He is the one who has to have the knowledge of the fourth state, the primal state, divine-realm, the 'essence of union'.

1 *They alone are devotees, and they alone are selfless servants, who love the Lord's Name.* *733*
2 *The sevadar performs selfless service when he is pleased, and confirmed in the True Word of the Shabad.* *767*

3 *But one who understands the essence of Yoga - such a humble servant is very rare.* *1302*

Guru-orientated beings –

on becoming the 'channel' of 'Nanak-love'
on becoming divine 'weapon'
on becoming the distributor of divine blessings blessing
on becoming the witness of the 'goblet of love'
on becoming the 'rain' of benevolence
on becoming the 'sunlight' of the 'sun of Naam'
on becoming the 'fragrance' of the flower of Naam
on attaining (the status of) 'motherliness' out of 'mother's love
on becoming the 'essence' of the shabad
on becoming the 'flow' of the life current
on becoming attuned to the divine 'melody'
on becoming the purchased slave

of their benefactor, the Satguru -

'ਹੁਕਮ' ਦੀ ਕਾਰ ਕਰਦਾ ਹੋਇਆ, ਸਹਿਜ-ਸੁਭਾਇ ਅਪਣਾ 'ਆਪਾ'—

ਪਿੰਜਦਾ
ਵਾਰਦਾ
ਕੁਰਬਾਨ ਕਰਦਾ
ਵੰਡਦਾ
ਖਲੇਰਦਾ
ਲੁਟਾਉਂਦਾ
ਮੁਸਕਰਾਉਂਦਾ
ਪ੍ਰਕਾਸ਼ਦਾ

ਹੋਇਆ, ਗੁਰਬਾਣੀ ਦੀ ਇਹ ਤੁਕ ਸਹੀ ਅਰਥਾਂ ਵਿਚ ਕਮਾ ਰਿਹਾ ਹੁੰਦਾ ਹੈ—

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (ਪੰਨਾ-474)

ਮਾਇਕੀ ਮੰਡਲ ਦੀ ਮਾਣ-ਵਡਿਆਈ ਯਾ 'ਵਾਹ-ਵਾਹ' ਸਾਡੀ ਹਉਮੈ ਨੂੰ ਪੱਠੇ ਪਾ ਕੇ ਤਕੜੀ ਕਰਦੀ ਹੈ ਅਤੇ ਕਰਮ-ਬੱਧ ਕਰਦੀ ਹੈ, ਪਰ ਆਤਮਿਕ ਮੰਡਲ ਵਿਚ ਇਹ ਮਾਣ-ਵਡਿਆਈ ਜਗਿਆਸੂ ਨੂੰ ਸ਼ੁਕਰਾਨੇ ਵਿਚ ਲੈ ਜਾਂਦੀ ਹੈ ਅਤੇ ਹੋਰ ਮਿਹਰਾਂ ਅਤੇ ਬਖਸ਼ਿਸ਼ਾਂ ਦਾ ਪਾਤਰ ਬਣਾਉਂਦੀ ਹੈ ।

ਇਸ ਨੁਕਤੇ ਨੂੰ ਸਮਝਣ ਲਈ, ਉਸ ਬੰਸਰੀ ਨੂੰ ਚੇਤੇ ਕਰੀਏ, ਜਿਸ ਦਾ ਆਪਣਾ ਮੁੱਲ ਤਾਂ ਇਕ ਟੱਕਾ ਹੀ ਸੀ—ਪਰ ਜਦ ਕ੍ਰਿਸ਼ਨ ਮੁਰਾਰੀ ਦੇ ਬੁਲ੍ਹਾਂ ਨੂੰ ਲੱਗ ਕੇ ਉਸ ਵਿਚੋਂ ਇਲਾਹੀ ਨਾਦ ਵੱਜਿਆ ਤਾਂ ਉਹ 'ਲੱਖਾਂ' ਦੀ ਬਣ ਗਈ ।

ਏਸੇ ਤਰ੍ਹਾਂ ਜਦ ਗੁਰੂ ਆਪਣੇ ਸੇਵਕ ਨੂੰ ਆਪਣੇ ਦਰੋਂ-ਘਰੋਂ ਨਾਮ ਦਾ ਰਸ ਅਤੇ 'ਨਾਨਕ ਪਿਆਰ' ਦੀ 'ਦਾਤ' ਬਖਸ਼ ਕੇ ਆਪਣੀ 'ਸੇਵਾ' ਵਿਚ ਲਾਉਂਦਾ ਹੈ ਤਾਂ ਉਹ ਸੇਵਕ 'ਲਖੀਣਾ' ਬਣ ਜਾਂਦਾ ਹੈ ।

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ (ਪੰਨਾ-487)

ਇਸ ਆਤਮਿਕ 'ਪ੍ਰਿਮ-ਖੇਲ' ਵਿਚ ਅਨੋਖੀ ਗੱਲ ਇਹ ਹੈ ਕਿ ਸਤਿਗੁਰੂ ਆਪਣੇ ਸੇਵਕ ਨੂੰ ਆਪਣੀ ਜੀਵਨ-ਰੌਂ, ਨਾਨਕ-ਪਿਆਰ, ਨਾਮ ਦਾ ਰਸ ਅਤੇ ਸ਼ਬਦ ਦੀ ਅਨਹਦ ਧੁਨੀ ਦੀਆਂ ਇਲਾਹੀ ਦਾਤਾਂ ਬਖਸ਼ ਕੇ, ਇਹਨਾਂ ਦਾਤਾਂ ਨੂੰ ਅਗਾਹਾਂ ਵੰਡਣ ਅਤੇ ਖਲੇਰਨ ਲਈ, ਸੇਵਕ ਨੂੰ ਆਪਣੀ 'ਪ੍ਰਨਾਲੀ' ਯਾ 'ਵਰਤਾਰਾ' ਬਣਾ ਕੇ ਉਸ ਨੂੰ ਮਾਣ-ਵਡਿਆਈ ਬਖਸ਼ਦਾ ਹੈ ।

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥ (ਪੰਨਾ-421)

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥ (ਪੰਨਾ-573)

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ (ਪੰਨਾ-749)



and acting upon the 'hukam or command', spontaneously

cleanses
surrenders
sacrifices
shares
disperses
allows looting (ever ready to give everything)
(knowingly) smiles
illuminates

his 'innate self' to cultivate in the true sense of the word this line from Gurbani –

1 *But if one eliminates one's self-conceit and then performs service, one shall be honored.* *474*

The praises-tributes or the 'honour' of the materialistic world panders to our ego, making it strong and action-bound but in the spiritual world such praises-tributes transport a devotee to a state of gratefulness and makes him the recipient of more blessings and benediction.

To understand this point, let us remember the flute which cost less than three cents – but when it touched the lips of Lord Krishna, the divine melody that came into being , made it worth millions.

In the same way when the Guru from his court, blesses his disciple with the gift of the essence of Naam and 'Nanak-love' and allows the disciple to serve him, then that disciple is worth millions.

2 *The calico-printer, worth half a shell, became worth millions* *487*

In this spiritual 'play of love', the wondrous thing is that the Satguru, in granting his disciple the boon of his life-current, Nanak-love, essence of Naaam and unstruck melody of the Shabad or word, makes him his channel or 'dispenser' to further dispense and disperse these gifts thereby bestowing honour and praise on him.

3 *He alone serves the Guru, whom the Lord Himself inspires to do so. 421*

4 *Those, upon whom the Lord God has bestowed His Grace, are committed to the service of the True Guru.* *573*

5 *Liberation, comfort and proper lifestyle come from serving You; You alone cause us to serve You.* *749*

ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥ (ਪੰਨਾ-1101)

ਇਹ ਸਾਰੀ ਇਲਾਹੀ **'ਪ੍ਰੇਮ-ਖੇਲ' ਹੈ, ਜਿਸ ਵਿਚ 'ਦਾਤੇ' ਦੀ ਅਨੰਤ—**

ਮਿਹਰ
ਬਖਸ਼ਿਸ਼
ਨਦਰ-ਕਰਮ
ਪਿਆਰ
ਹੁਕਮ
ਗੁਰਪ੍ਰਸਾਦਿ

**ਹੀ ਵਰਤ ਰਿਹਾ ਹੈ—**

The whole cosmic Drama is an expression and manifestation of Dlvine Will, Divine Love and Divine Grace.

ਇਸ ਅਨੰਤ ਇਲਾਹੀ **'ਖੇਲ'** ਅਖਾੜੇ' (Cosmic Drama) ਅੰਦਰ **'ਸੇਵਕ'** ਇਕ ਨਿੱਕੇ ਜੇਹੇ **'ਪੁਰਜੇ' ਦੀ ਹੈਸੀਅਤ ਵਿਚ**, ਹੁਕਮ ਦੀ ਕਾਰ ਕਰਦਾ ਹੋਇਆ, **ਸਤਿਗੁਰੂ ਦੇ ਪ੍ਰੀਤ, ਪ੍ਰੇਮ, ਰਸ, ਰੰਗ, ਚਾਓ ਵਿਚ ਇਤਨਾ ਗੜੂੰਦ ਹੋ ਜਾਂਦਾ ਹੈ ਕਿ ਉਸ ਨੂੰ ਆਪਣੀ ਅੱਡਰੀ ਹਸਤੀ ਅਥਵਾ 'ਹਉਮੈ' ਦਾ ਅਹਿਸਾਸ ਹੀ ਨਹੀਂ ਰਹਿੰਦਾ।**

ਦੂਜੇ ਲਫਜ਼ਾਂ ਵਿਚ **ਸਤਿਗੁਰੂ ਦੇ—**

'ਪ੍ਰਿਮ-ਰਸ' ਦੀ **ਮਸਤੀ ਵਿਚ**
ਸਬਦ ਦੀ **ਅਨਹਦ ਧੁਨੀ ਵਿਚ**
ਹੁਕਮ ਦੀ ਰਵਾਨਗੀ ਦੇ **ਜ਼ੋਰਦਾਰ ਵੇਗ ਵਿਚ**

**'ਸੇਵਕ' ਦੀ ਮਨ ਦੀ 'ਮਰਜੀ' ਯਾ ਸਿਆਣਪ ਨਿਰਬਲ ਅਤੇ ਨਿਸਲ ਹੋ ਜਾਂਦੀ ਹੈ** ਅਤੇ ਉਸ ਨੂੰ ਆਪਣੀ ਅੱਡਰੀ 'ਹਉਂ' ਅਥਵਾ **ਵਡਿਆਈ ਦਾ ਖਿਆਲ ਹੀ ਨਹੀਂ ਰਹਿੰਦਾ।**

ਉਪਰੋਕਤ ਵਿਚਾਰ ਅਨੁਸਾਰ, **ਗੁਰੂ ਆਪ ਹੀ ਆਪਣੇ ਸੇਵਕ ਉਤੇ ਨਦਰ-ਕਰਮ ਕਰਕੇ, ਆਪਣੀ ਪ੍ਰੀਤ, ਪ੍ਰੇਮ ਰਸ, ਚਾਓ ਅਤੇ ਨਾਮ ਦਾ ਰਸ ਬਖਸ਼ ਕੇ, 'ਨਾਨਕ-ਘਰ' ਦਾ ਬੇ-ਖਰੀਦ ਗੋਲਾ ਬਣਾ ਲੈਂਦਾ ਹੈ** ਅਤੇ ਗੁਰੂ ਘਰ ਦੀ **ਸੇਵਾ ਵਿਚ ਲਗ ਕੇ, ਉਸ ਦਾ ਜੀਵਨ 'ਲੋਕ ਸੁਖੀ ਅਤੇ ਪਰਲੋਕ ਸੁਹੇਲਾ' ਹੋ ਜਾਂਦਾ ਹੈ।**

ਇਸ ਤਰ੍ਹਾਂ **ਗੁਰੂ ਦਾ 'ਸੇਵਕ'—**

ਇਲਾਹੀ **ਹੁਕਮ ਬੁੱਝ ਕੇ**
ਇਲਾਹੀ **ਭਾਣਾ ਮੰਨ ਕੇ**
ਜੀਵਨ-ਰੌ ਦੀ ਰਵਾਨਗੀ ਨਾਲ **'ਸੁਰ' ਹੋ ਕੇ**



*He alone serves You, whom You have enjoined to do so. 1101*

All this is the divine 'play of love' in which the 'Provider's abundant –

mercy
blessing
glance of grace
love
command
guru's benediction

is indeed prevailing.

The whole cosmic drama is an expression and manifestation of Divine Will, Divine love and Divine Grace.

In this eternal 'Cosmic Drama', a disciple, in his capacity as a small 'cog' abiding by the command, becomes so absorbed or engrossed in the love, affection, relish, hue, joy of the Satguru that he looses all consciousness of his separate existence or egotism'.

In other words,

in the intoxication of the 'essence of love'
in the unstruck melody
in the flow of hukum or command's powerful current

of the Satguru, the self will of the 'disciple' or cleverness becomes powerless and immobilised so much so that no thought of his separate 'egotism' or praise exists anymore.

According to the discussion above, the Guru himself castes a glance of grace upon his 'disciple, and makes him a purchased slave of the 'house of Nanak' by blessing him with His love, affection, essence, relish, joy and the relish of the Naam and by placing him in the service of the house of the Guru, his life attains 'peace in this world and happiness in the next'.

In this way the disciple of the Guru –
by unravelling the hukam or command
by abiding by the Divine Will
by 'tuning' himself with the flow of life-current

L97.13

ਗੁਰੂ ਦੇ ਪਿਆਰ ਵਿਚ **'ਬੇ-ਖਰੀਦ ਗੋਲਾ' ਬਣ ਕੇ**
**'ਹੁਕਮੀ ਬੰਦਾ'** ਬਣ ਕੇ
ਗੁਰੂ ਪਿਆਰ ਦੀ **'ਸ਼ਮਾ' ਉਤੇ ਆਪਾ ਵਾਰ ਕੇ**
ਖਿਨ-ਖਿਨ, ਪਲ-ਪਲ, ਦਿਨ-ਰਾਤ, **ਸਾਰਾ ਜੀਵਨ 'ਬਲੀਦਾਨ' ਕਰਕ**
ਆਪਣੇ ਤਨ-ਮਨ ਨੂੰ **'ਪਿੰਜਦਾ' ਹੋਇਆ**
**ਗਾਖੜੀ ਸੇਵਾ ਦੀ ਘਾਲਣਾ** ਘਾਲਦਾ ਹੋਇਆ

**ਗੁਰੂ ਦੀ ਨਿੱਘੀ ਅਤੇ ਮਿੱਠੀ ਗੋਦ ਵਿਚ ਸਮਾ ਜਾਂਦਾ ਹੈ । ਇਹੋ ਹੀ 'ਸੇਵਕ' ਦੀ ਘਾਲਣਾ ਦੀ ਪੂਰਨਤਾ ਹੈ, ਜਿਸ ਵਿਚ—**

**ਗੁਰੂ, ਸੇਵਕ** ਅਤੇ **ਸੇਵਾ ।**

ਇਕੋ ਇਲਾਹੀ **ਪ੍ਰੇਮ-ਸਵੇਪਨਾ ਦੀ ਡੋਰੀ ਦੇ ਮਣਕੇ ਹੁੰਦੇ ਹਨ, ਜਿਨ੍ਹਾਂ** ਦੇ ਅੱਡ-ਅੱਡ ਸਤਾਹ (waive-length) ਤੇ ਆਤਮ ਲਿਸ਼ਕਾਰਿਆਂ ਦਾ ਪ੍ਰਗਟਾਵਾ ਸੰਸਾਰ ਵਿਚ ਪ੍ਰਕਾਸ਼ਤ ਹੁੰਦਾ ਰਹਿੰਦਾ ਹੈ ।

**ਓਤਿ ਪੋਤਿ ਸੇਵਕ ਸੰਗਿ ਰਾਤਾ ॥**
ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥ (ਪੰਨਾ-101)

ਇਸ ਆਤਮਿਕ ਮੰਡਲ ਦੀ **ਉਚਾਈ ਵਿਚ, 'ਸੇਵਕ'-ਗੁਰੂ ਵਿਚ** 'ਸਮਾ' **ਕੇ, ਉਸ ਦਾ ਹੀ 'ਸਰੂਪ'** ਬਣ ਜਾਂਦਾ ਹੈ—

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ
**ਤੇ ਹਰਿ ਹਰਿ ਰੂਪਿ ਸਮਾਸੀ ॥** (ਪੰਨਾ-11)

ਜੋ ਤਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥ (ਪੰਨਾ-758)

**ਜੋ ਤੁਧੁ ਸੇਵਹਿ ਸੋ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥** (ਪੰਨਾ-1021)

**ਤੁਧੁੰ ਨੋ ਸੇਵਹਿ ਸੇ ਤੁਝਹਿ ਸਮਾਵਹਿ ਆਪੇ ਮੇਲਿ ਮਿਲਾਇਦਾ ॥** (ਪੰਨਾ-1060)

**ਹਰਿ ਕਾ ਸੇਵਕੁ ਸੋ ਹਰਿ ਜੇਹਾ ॥**
**ਭੇਦੁ ਨ ਜਾਣਹੁ ਮਾਣਸ ਦੇਹਾ ॥** (ਪੰਨਾ-1076)

ਗੁਰਬਾਣੀ ਦੀਆਂ ਇਹਨਾਂ ਪੰਗਤੀਆਂ ਨੂੰ ਗੁਰੂ ਸਾਹਿਬਾਨ ਨੇ **ਖੁਦ ਕਮਾਇਆ ਤੇ ਸਾਨੂੰ 'ਆਤਮਿਕ ਸੇਵਾ' ਦੀ ਸਹੀ ਜਾਚ ਸਿਖਾਈ ।** ਇਹਨਾਂ ਪੂਰਨਿਆਂ ਤੇ ਚਲਦੇ ਹੋਏ ਅਨੇਕਾਂ ਗੁਰ ਸਿਖਾਂ ਨੇ ਭੀ **ਨਿਰਮਲ, ਨਿਰਬਾਣ, ਨਿਸ਼ਕਾਮ 'ਆਤਮਿਕ ਸੇਵਾ'** ਕਮਾਈ ਹੈ ।



by becoming a 'purchased slave' in the love of the Guru
by becoming a 'person adherent to the command'
by sacrificing his innate self upon the 'candle' of Guru's love
by 'sacrificing' every moment, every second, day and night, the whole life
in the process of cleansing his mind and body
putting all his effort in doing strenuous service

he merges into the warm and sweet lap of the Guru. This indeed is (the stage of) perfection of the disciple's effort in which –

the Guru, the disciple and the service

are the beads of the cord of divine love of the innate self, whose individual wave-length and the presence of divine flashes keep manifesting themselves in the world.

1 *Through and through, the Lord is intermingled with His servant.*
*God, the Giver of Peace, cherishes His servant.* 101

In the peak of this divine sphere, the 'disciple' merges with the Guru and becomes an embodiment of him.

2 *Those who serve, those who serve my Dear Lord, are absorbed into the Being of the Lord, Har, Har.* 11

3 *Those who serve You, become You. You preserve the honor of Your servants.* 758

4 *Those who serve You, become just like You; O Fearless Lord, You are their best friend from infancy.* 1021

5 *Those who serve You are immersed in You. You unite them in Union with Yourself.* 1060

6 *The Lord's servant becomes like the Lord.*
*Do not think that, because of his human body, he is different.* 1076

The Gurus themselves have cultivated the lines of Gurbani and taught us the right way to do 'spiritual service'. Treading this exemplary path numerous gursikhs too have cultivated pure, liberating, selfless 'spiritual service'.

L97.14

**ਜਦ ਗੁਰਮੁਖ ਜਨ ਬਖਸ਼ੀਆਂ ਹੋਈਆਂ ਇਲਾਹੀ ਦਾਤਾ—**

ਨਾਨਕ-ਪਿਆਰ
ਪ੍ਰਿਮ-ਰਸ
ਸਿਮਰਨ
ਰੁਣ-ਝੁਣ
ਚਾਓ
ਖੇੜਾ
ਜੀਅ ਦਾਨ

**ਆਦਿ ਨੂੰ ਆਪਣੀ –**

ਪਿਆਰ ਤਕਣੀ
ਮਿੱਠੇ ਬਚਨ
ਪਿਆਰ 'ਛੋਹ'
ਜੀਵਨ ਕਿਰਨਾਂ
ਨਦਰ-ਕਰਮ

**ਦੁਆਰਾ –**

ਚੁਪ-ਚੁਪੀਤੇ
ਸਹਿਜ-ਸੁਭਾਇ
ਅਣਜਾਣੇ
ਗੁਪਤੋ-ਗੁਪਤੀ

**ਹੋਰਨਾ ਅਭਿਲਾਖੀ ਜਿਗਿਆਸੂਆਂ ਨਾਲ, 'ਵਣਜ-ਵਪਾਰ' ਅਥਵਾ 'ਲੇਵਾ-ਦੇਵੀ' ਸਾਂਝੀ ਕਰਦਾ ਹੈ ਤਾਂ ਉਹ ਗੁਰਮਖ ਜਨ, ਆਤਮਿਕ ਮੰਡਲ ਦੀ—**

**ਊਚਮ-ਊਚੀ**
**ਸੂਚਮ-ਸੂਚੀ**
**ਨਿਰਮਲ**
**ਨਿਰਬਾਣ**
**ਨਿਸ਼ਕਾਮ**

**'ਇਲਾਹੀ ਸਵਾ' ਕਰ ਰਿਹਾ ਹੁੰਦਾ ਹੈ, ਅਤੇ ਆਤਮਿਕ ਜੀਵਨ ਦੀ ਅਰਸ਼ੀ ਪੂਰਨਤਾ ਨੂੰ ਛੁਹੰਦਾ ਹੈ।**

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥(ਪੰਨਾ-749**

**ਮਾਇਕੀ ਅਗਿਆਨਤਾ ਕਾਰਨ—**
ਮੋਹ-ਮਾਇਆ ਵਿਚ ਪਲਚਦੀ



When the blessed gifts of

Nanak-love
relish of love
simran
divine melody
joy
radiance
gift of the soul etc

(are bestowed upon a) guru's disciples, he with his

glance of love
sweet words
'touch' of love
rays of life
glance of grace

that operates (through him) in –

silent-love
spontaneity
unawareness
secrecy

begins sharing through 'transaction' or 'interaction' with other fellow seekers then that guru-orientated being is in the process of doing the

loftiest of the lofty
purest of the pure
uncontaminated
liberating
selfless

'divine service' and (in so doing) he comes into contact with the heavenly perfection of spiritual life.

*Those generous, humble beings are above both birth and death.*
*They give the gift of the soul, and practice devotional worship; they inspire others to meet the Lord.* *749*

A potential seeker's soul that is
enmeshed in materialistic attachment

ਭਰਮ-ਭੁਲੇਖਿਆਂ ਵਿਚ ਭਟਕਦੀ
ਫੋਕੇ ਕਰਮਾਂ-ਧਰਮਾਂ ਵਿਚ ਅਉਝੜ ਪਈ
'ਕੂਰ ਕ੍ਰਿਆ' ਵਿਚ ਉਰਝੀ ਹੋਈ

**ਕਿਸੇ ਹੋਣਹਾਰ ਅਭਿਲਾਖੀ 'ਰੂਹ' ਨੂੰ—**

ਮਾਇਆ-ਮੰਡਲ ਦੇ ਹਨੇਰੇ ਵਿਚੋਂ ਕੱਢ ਕੇ
**ਆਤਮਿਕ ਅਨੁਭਵੀ ਗਿਆਨ ਦੀ ਸੋਝੀ ਦੇ ਕੇ**
ਸਹੀ ਆਤਮਿਕ **'ਜੀਵਨ-ਸੇਧ' ਦੇ ਕੇ**
**ਸਾਧ-ਸੰਗਤ ਵਿਚ ਲਾ ਕੇ**
**ਆਤਮ-ਮਾਰਗ ਵਿਚ ਲਾਉਣਾ** ਅਤੇ
**'ਜੀਅ-ਦਾਨ' ਬਖਸ਼ਣਾ ਹੀ**

**ਆਤਮਿਕ ਮੰਡਲ ਦੀ ਅਤਿ—**

ਉੱਚੀ
ਸੁੱਚੀ
ਸ੍ਰੇਸ਼ਟ
**ਉੱਤਮ**
**ਅਨੁਭਵੀ**
**ਕਰਾਮਾਤੀ**

**ਇਲਾਹੀ ਸੇਵਾ ਹੈ ।**

**ਐਸੀ ਅਨੁਭਵੀ ਆਤਮਿਕ ਕਰਾਮਾਤੀ ਸੇਵਾ—ਗੁਰੂ ਦੇ ਬਖਸ਼ੇ ਹੋਏ, ਗੁਰਮੁਖ ਪਿਆਰੇ, ਮਹਾਂ-ਪੁਰਖ, ਸਾਧ, ਸੰਤ, ਭਗਤ, ਹਰਿਜਨ, ਪਿਆਰੇ ਹੀ ਕਰ ਸਕਦੇ ਹਨ ।**

**ਇਸ ਪ੍ਰਿਮ-ਖੇਲ ਦੀ ਸੇਵਾ-ਭਾਵਨਾ ਲਈ—**

'ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ'
'ਮੁਰਦੇ ਵਾਂਗ ਮੁਰੀਦੁ ਹੋਇ ਕਰਿ ਸਿਦਕ ਸਬੂਰੀ'
**'ਗੁਰ ਕੀ ਬਚਨੀ ਹਾਟਿ ਬਿਕਾਨਾ'** ਹੋ ਕੇ
**'ਮੂਲ ਖਰੀਦੀ ਲਾਲਾ ਗੋਲਾ'** ਬਣ ਕੇ
ਅਪਣਾ 'ਆਪਾ' ਵਾਰ ਕੇ

**ਹੁਕਮ ਦੇ ਗੁਰਪ੍ਰਸਾਦਿ ਦੀ ਕਾਰ ਕਮਾਉਣੀ ਹੈ ।**

**(ਸਮਾਪਤ...)**



suffering in doubt-fallacies
lost in the jungle of hollow rites and rituals
entangled in 'false occupations'

as a result of materialistic ignorance

to

take him out of the darkness of materialistic sphere
give him an awareness of spiritual intuitional knowledge
give him the right spiritual 'life-direction'
connect him with the sadh-sangat, the company of the holy
put him on the divine path and
bestow him with the 'gift of the soul (awareness)'

is the

highest
purest
most excellent
loftiest
intuitional
miraculous

divine sewa or service.

Such intuitional, spiritual miraculous service can only be done by guru-orientated beloveds, evolved-beings, sadhus, saints, devotees, god's slaves who have been blessed by the Guru.

For the sake of this faith filled service of the play of love (the Sikh of the Guru) –

falls at the feet (of Guru) forswears his ego and desires of mind
just like a dead person (who has no demands) he adopts humility and contentment
he sells himself at the Guru's store in exchange for the Guru's Word,;
he becomes Guru's slave, His bonded servant
sacrifices or surrenders his individual personality

to cultivate the activity of the hukam or command of Guru's grace.